**ਵਾਚਕ:** ਇਸ ਵੀਡੀਓ ਵਿੱਚ ਰਫ਼ਿਊਜੀ ਦਾਅਵੇ ਦੀਆਂ ਸੁਣਵਾਈਆਂ ਬਾਰੇ ਸਹਾਇਕ ਜਾਣਕਾਰੀ ਹੈ। ਹੋਰ ਵੇਰਵੇ ਅਤੇ ਅੱਪਡੇਟ ਸਾਡੀ ਵੈੱਬਸਾਈਟ irb.gc.ca 'ਤੇ ਉਪਲਬਧ ਹਨ।

**ਸੰਗੀਤ:** ਵੀਡੀਓ ਦੌਰਾਨ ਬੈਕਗ੍ਰਾਊਂਡ ਵਿੱਚ ਹਲਕਾ ਜਿਹਾ ਬੈਕਗ੍ਰਾਊਂਡ ਸੰਗੀਤ ਚਲਦਾ ਰਹਿੰਦਾ ਹੈ।

**ਵਾਚਕ:** ਜੇਕਰ ਤੁਸੀਂ ਕੈਨੇਡਾ ਵਿੱਚ ਰਫ਼ਿਊਜੀ ਸੁਰੱਖਿਆ ਲਈ ਦਾਅਵਾ ਕਰਨ ਦੇ ਯੋਗ ਹੋ, ਤਾਂ ਤੁਹਾਡੀ ਸੁਣਵਾਈ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਆਫ਼ ਕੈਨੇਡਾ ਦੀ ਰਿਫਿਊਜੀ ਪ੍ਰੋਟੈਕਸ਼ਨ ਡਿਵੀਜ਼ਨ ਜਾਂ RPD ਕੋਲ ਹੋਵੇਗੀ।

ਕੁਝ ਸਥਿਤੀਆਂ ਵਿੱਚ, RPD *ਸੁਣਵਾਈ ਦੇ ਬਿਨਾਂ* ਰਫ਼ਿਊਜੀ ਸੁਰੱਖਿਆ ਲਈ ਦਾਅਵੇ ਨੂੰ ਸਵੀਕਾਰ ਕਰ ਸਕਦੀ ਹੈ। ਜੇਕਰ ਤੁਸੀਂ ਆਪਣੇ ਸਬੂਤ ਜਲਦੀ ਭੇਜਦੇ ਹੋ, ਤਾਂ RPD ਉਸਦੀ ਸਮੀਖਿਆ ਕਰੇਗੀ ਅਤੇ ਸੁਣਵਾਈ ਦੇ ਬਿਨਾਂ ਤੁਹਾਡੇ ਦਾਅਵੇ ਦਾ ਫੈਸਲਾ ਕਰਨ ਦੇ ਯੋਗ *ਹੋ ਸਕਦੀ ਹੈ*।

ਜੇਕਰ ਤੁਹਾਡੀ ਸੁਣਵਾਈ ਦਾ ਸਮਾਂ ਨਿਰਧਾਰਤ ਹੈ ਅਤੇ ਤੁਹਾਡਾ ਦਾਅਵਾ ਸੁਣੇ ਜਾਣ ਲਈ ਤਿਆਰ ਹੈ, ਤਾਂ RPD ਤੁਹਾਡੀ ਸੁਣਵਾਈ ਦੀ ਮਿਤੀ, ਸਮੇਂ ਅਤੇ ਸਥਾਨ ਦੇ ਨਾਲ *ਨੋਟਿਸ ਟੂ ਅਪੀਅਰ* ਯਾਨੀ ਪੇਸ਼ ਹੋਣ ਲਈ ਨੋਟਿਸ ਨਾਮਕ ਦਸਤਾਵੇਜ਼ ਭੇਜੇਗੀ।

**ਵਾਚਕ:** ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਵਿੱਚ ਤੁਹਾਡੀ ਮਦਦ ਕਰਨ ਲਈ ਕਿਸੇ ਪੇਸ਼ੇਵਰ ਨੂੰ ਨਿਯੁਕਤ ਕਰਨ ਬਾਰੇ ਵਿਚਾਰ ਕਰੋ। ਇਹਨਾਂ ਪੇਸ਼ੇਵਰਾਂ ਨੂੰ "ਵਕੀਲ" ਕਿਹਾ ਜਾਂਦਾ ਹੈ। ਉਹ ਵਕੀਲ ਜਾਂ ਇਮੀਗ੍ਰੇਸ਼ਨ ਕਨਸਲਟੈਂਟ ਹੋ ਸਕਦੇ ਹਨ। ਕੁਝ ਥਾਵਾਂ 'ਤੇ, ਤੁਸੀਂ ਨੋਟਰੀ ਪਬਲਿਕ ਜਾਂ ਪੈਰਾਲੀਗਲ ਨੂੰ ਵੀ ਵਕੀਲ ਵਜੋਂ ਨਿਯੁਕਤ ਕਰ ਸਕਦੇ ਹੋ।

ਜੇ ਤੁਸੀਂ ਵਕੀਲ ਨਿਯੁਕਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਇਹ ਜਿੰਨੀ ਜਲਦੀ ਹੋ ਸਕੇ ਕਰਨਾ ਚਾਹੀਦਾ ਹੈ। ਤੁਸੀਂ ਆਪਣੇ ਵਕੀਲ ਨੂੰ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋਵੋਗੇ, ਜਦੋਂ ਤੱਕ ਤੁਸੀਂ ਆਪਣੇ ਸੂਬੇ ਵਿੱਚ ਲੀਗਲ ਏਡ ਯਾਨੀ ਕਾਨੂੰਨੀ ਸਹਾਇਤਾ ਏਜੰਸੀ ਤੋਂ ਮਦਦ ਪ੍ਰਾਪਤ ਕਰਨ ਦੇ ਯੋਗ ਨਹੀਂ ਹੋ। ਲੀਗਲ ਏਡ ਦਫ਼ਤਰਾਂ ਦੀ ਸੂਚੀ IRB ਦੀ ਵੈੱਬਸਾਈਟ 'ਤੇ ਮਿਲ ਸਕਦੀ ਹੈ।

ਜੇਕਰ ਤੁਹਾਡੇ ਕੋਲ ਵਕੀਲ ਹੈ, ਤਾਂ ਉਹ ਤੁਹਾਡੀ ਸੁਣਵਾਈ 'ਤੇ ਤੁਹਾਡੀ ਨੁਮਾਇੰਦਗੀ ਕਰਨਗੇ। ਤੁਹਾਡੀ ਸੁਣਵਾਈ ਤੋਂ ਪਹਿਲਾਂ, ਉਹ ਤੁਹਾਡੇ ਨਾਲ ਤੁਹਾਡੇ ਰਫ਼ਿਊਜੀ ਦਾਅਵੇ ਬਾਰੇ ਚਰਚਾ ਕਰਨਗੇ ਅਤੇ ਤੁਹਾਨੂੰ ਸਲਾਹ ਦੇਣਗੇ ਕਿ ਤੁਹਾਡੇ ਦਾਅਵੇ ਦਾ ਸਮਰਥਨ ਕਰਨ ਲਈ ਤੁਹਾਨੂੰ ਕਿਹੜੇ ਸਬੂਤ ਇਕੱਠੇ ਕਰਨੇ ਚਾਹੀਦੇ ਹਨ ਅਤੇ ਉਹ ਤੁਹਾਡੀ ਸੁਣਵਾਈ ਦੀ ਤਿਆਰੀ ਵਿੱਚ ਤੁਹਾਡੀ ਮਦਦ ਕਰਨਗੇ।

**ਵਾਚਕ:** ਜੇਕਰ ਤੁਸੀਂ ਕਿਸੇ ਦੋਸਤ, ਪਰਿਵਾਰਕ ਮੈਂਬਰ, ਜਾਂ ਵਾਲੰਟੀਅਰ ਨੂੰ ਤੁਹਾਡੀ ਨੁਮਾਇੰਦਗੀ ਕਰਨ ਲਈ ਕਹਿਣ ਦਾ ਫੈਸਲਾ ਕਰਦੇ ਹੋ, ਤਾਂ ਉਹ ਤੁਹਾਡੇ ਤੋਂ ਕੋਈ ਫੀਸ ਨਹੀਂ ਲੈ ਸਕਦੇ। ਇਸ ਸਥਿਤੀ ਵਿੱਚ, ਵਿਅਕਤੀ ਲਈ *ਫੀਸ ਜਾਂ ਕਿਸੇ ਹੋਰ ਭੁਗਤਾਨ ਦੇ ਬਿਨਾਂ ਨੁਮਾਇੰਦਗੀ ਦਾ ਨੋਟਿਸ (Notice of Representation Without a Fee or other Consideration)* ਫਾਰਮ ਭਰਨਾ ਲਾਜ਼ਮੀ ਹੈ।

ਤੁਸੀਂ ਇਹ ਫਾਰਮ IRB ਵੈੱਬਸਾਈਟ ਦੇ ਰਫ਼ਿਊਜੀ ਦਾਅਵਿਆਂ ਦੇ ਸੈਕਸ਼ਨ ਵਿੱਚ ਫਾਰਮਾਂ ਦੇ ਤਹਿਤ ਪ੍ਰਾਪਤਕਰ ਸਕਦੇ ਹੋ।

ਤੁਹਾਨੂੰ ਕਿਸੇ ਦੁਆਰਾ ਨੁਮਾਇੰਦਗੀ ਕੀਤੇ ਜਾਣ ਦੀ ਲੋੜ ਨਹੀਂ ਹੈ। ਆਪਣੀ ਖੁਦ ਦੀ ਨੁਮਾਇੰਦਗੀ ਕਰਨ ਦਾ ਮਤਲਬ ਹੈ ਕਿ ਤੁਹਾਨੂੰ ਇਹ ਚੁਣਨਾ ਪਵੇਗਾ ਹੈ ਕਿ ਤੁਹਾਡੇ ਦਾਅਵੇ ਦਾ ਸਮਰਥਨ ਕਰਨ ਲਈ ਕਿਹੜੇ ਸਬੂਤ ਪੇਸ਼ ਕਰਨੇ ਹਨ ਅਤੇ ਕਿਹੜੀਆਂ ਦਲੀਲਾਂ ਦੇਣੀਆਂ ਹਨ।

**ਵਾਚਕ:** ਆਪਣੀ ਸੁਣਵਾਈ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਇਹ ਜਾਣਨਾ ਮਹੱਤਵਪੂਰਨ ਹੈ ਕਿ ਤੁਹਾਡੀ ਸੁਣਵਾਈ ਵਿੱਚ ਕੌਣ ਆ ਸਕਦਾ ਹੈ ਅਤੇ ਕਿਉਂ।

**ਵਾਚਕ:** ਮੈਂਬਰ ਉਹ ਵਿਅਕਤੀ ਹੈ ਜੋ ਫੈਸਲਾ ਕਰਦਾ ਹੈ ਕਿ ਤੁਹਾਨੂੰ ਰਫ਼ਿਊਜੀ ਵਜੋਂ ਸਵੀਕਾਰ ਕੀਤਾ ਜਾਂਦਾ ਹੈ ਜਾਂ ਨਹੀਂ।

ਉਹ ਦਾਅਵੇ ਦੀ ਪ੍ਰਕਿਰਿਆ ਵਿੱਚ ਪਹਿਲਾਂ ਤੁਹਾਡੇ ਦੁਆਰਾ RPD ਨੂੰ ਪ੍ਰਦਾਨ ਕੀਤੇ ਗਏ ਸਾਰੇ ਦਸਤਾਵੇਜ਼ਾਂ ਨੂੰ ਦੇਖਣਗੇ। ਉਹ ਤੁਹਾਡੇ ਰਫ਼ਿਊਜੀ ਦਾਅਵੇ ਬਾਰੇ ਤੁਹਾਨੂੰ ਸਵਾਲ ਪੁੱਛਣਗੇ ਅਤੇ ਤੁਹਾਡੇ ਜਾਂ ਤੁਹਾਡੇ ਵਕੀਲ ਦਾ ਕੇਸ ਬਾਰੇ ਜੋ ਵੀ ਕਹਿਣਾ ਹੈ ਉਸਨੂੰ ਸੁਣਨਗੇ, ਅਤੇ ਫਿਰ ਉਹ ਤੁਹਾਡੇ ਦਾਅਵੇ ਬਾਰੇ ਫੈਸਲਾ ਲੈਣਗੇ।

**ਵਾਚਕ:** ਕੁਝ ਕੇਸਾਂ ਵਿੱਚ, ਮੰਤਰੀ ਦਾ ਵਕੀਲ ਸੁਣਵਾਈ ਵਿੱਚ ਹਿੱਸਾ ਲੈਂਦਾ ਹੈ। ਇਹ ਉਸ ਵਿਅਕਤੀ ਤੋਂ ਵੱਖਰਾ ਹੈ ਜਿਸਨੂੰ ਤੁਸੀਂ ਵਕੀਲ ਵਜੋਂ ਨਿਯੁਕਤ ਕੀਤਾ ਹੋ ਸਕਦਾ ਹੈ।

ਮੰਤਰੀ ਦਾ ਵਕੀਲ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਜਾਂ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਕੈਨੇਡਾ ਲਈ ਕੰਮ ਕਰਦਾ ਹੈ ਅਤੇ ਉਹ ਜਨਤਕ ਸੁਰੱਖਿਆ ਮੰਤਰੀ ਅਤੇ/ਜਾਂ ਇਮੀਗ੍ਰੇਸ਼ਨ, ਰਫ਼ਿਊਜੀਜ਼ ਐਂਡ ਸਿਟਿਜ਼ਨਸ਼ਿਪ ਮੰਤਰੀ ਦੀ ਨੁਮਾਇੰਦਗੀ ਕਰਦੇ ਹਨ।

ਮੰਤਰੀ ਦਾ ਵਕੀਲ ਸਿਰਫ਼ ਉਦੋਂ ਹੀ ਹਿੱਸਾ ਲੈਂਦਾ ਹੈ ਜਦੋਂ ਉਹਨਾਂ ਨੂੰ ਤੁਹਾਡੇ ਦਾਅਵੇ ਬਾਰੇ ਚਿੰਤਾਵਾਂ ਹੁੰਦੀਆਂ ਹਨ ਜਾਂ ਉਹ ਤੁਹਾਡੇ ਦਾਅਵੇ ਦੇ ਵਿਰੁੱਧ ਹਨ। ਜੇਕਰ ਉਹਨਾਂ ਨੇ ਹਿੱਸਾ ਲੈਣ ਦਾ ਫੈਸਲਾ ਕੀਤਾ ਹੈ ਤਾਂ ਉਹ RPD ਅਤੇ ਤੁਹਾਨੂੰ *ਨੋਟਿਸ ਔਫ ਇੰਟਰਵੈਨਸ਼ਨ (Notice of Intervention)* ਭੇਜ ਕੇ ਦੱਸਣਗੇ।

ਤੁਹਾਨੂੰ ਇਹ ਨੋਟਿਸ ਤੁਹਾਡੀ ਸੁਣਵਾਈ ਤੋਂ 10 ਦਿਨ ਪਹਿਲਾਂ ਮਿਲ ਜਾਣਾ ਚਾਹੀਦਾ ਹੈ। ਮੰਤਰੀ ਦੇ ਵਕੀਲ ਦਾ ਪਤਾ ਉਸ ਨੋਟਿਸ 'ਤੇ ਹੋਵੇਗਾ।

ਜੇਕਰ ਮੰਤਰੀ ਦਾ ਵਕੀਲ ਤੁਹਾਡੀ ਸੁਣਵਾਈ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਤੁਹਾਡੇ ਲਈ ਆਪਣੇ ਸਬੂਤਾਂ ਦੀ ਇੱਕ ਕਾਪੀ ਉਨ੍ਹਾਂ ਨੂੰ ਭੇਜਣਾ ਅਤੇ RPD ਨੂੰ ਦੱਸਣਾ ਜ਼ਰੂਰੀ ਹੈ ਕਿ ਤੁਸੀਂ ਅਜਿਹਾ ਕਰ ਦਿੱਤਾ ਹੈ।

ਮੰਤਰੀ ਦਾ ਵਕੀਲ ਤੁਹਾਨੂੰ ਅਤੇ RPD ਨੂੰ ਸਬੂਤ ਜਮ੍ਹਾਂ ਕਰਵਾ ਕੇ ਲਿਖਤੀ ਰੂਪ ਵਿੱਚ ਹਿੱਸਾ ਲੈ ਸਕਦਾ ਹੈ, ਜਾਂ ਉਹ ਤੁਹਾਡੀ ਸੁਣਵਾਈ 'ਤੇ ਪੇਸ਼ ਹੋ ਸਕਦੇ ਹਨ ਅਤੇ ਤੁਹਾਨੂੰ ਸਵਾਲ ਪੁੱਛ ਸਕਦੇ ਹਨ।

ਯਾਦ ਰੱਖੋ, ਭਾਵੇਂ ਮੰਤਰੀ ਦਾ ਵਕੀਲ ਹਿੱਸਾ ਲੈਂਦਾ ਹੈ, ਇੱਕ RPD ਮੈਂਬਰ ਤੁਹਾਡੇ ਦਾਅਵੇ ਦਾ ਫੈਸਲਾ ਕਰਦਾ ਹੈ।

**ਵਾਚਕ:** ਤੁਹਾਡੀ ਸੁਣਵਾਈ 'ਤੇ ਤੁਹਾਡੇ ਲਈ ਮੁਫ਼ਤ ਵਿੱਚ ਇੱਕ ਦੁਭਾਸ਼ੀਆ ਵੀ ਹੋ ਸਕਦਾ ਹੈ।

ਜਦੋਂ ਤੁਸੀਂ ਪਹਿਲੀ ਵਾਰ ਕੈਨੇਡਾ ਪਹੁੰਚੇ ਸੀ, ਤੁਸੀਂ ਇੱਕ *ਬੇਸਿਸ ਔਫ ਕਲੇਮ ਫਾਰਮ*, ਯਾਨੀ ਉਹ ਫਾਰਮ ਜੋ ਤੁਹਾਡੇ ਦਾਅਵੇ ਦਾ ਆਧਾਰ ਹੈ ਭਰਿਆ ਸੀ। ਉਸ ਫਾਰਮ 'ਤੇ, ਤੁਸੀਂ ਦੁਭਾਸ਼ੀਏ ਦੀ ਮੰਗ ਕਰ ਸਕਦੇ ਸੀ।

ਜੇਕਰ ਤੁਸੀਂ ਉਸ ਸਮੇਂ ਦੁਭਾਸ਼ੀਏ ਦੀ ਮੰਗ ਨਹੀਂ ਕੀਤੀ ਸੀ ਪਰ ਤੁਹਾਨੂੰ ਦੁਭਾਸ਼ੀਆ ਚਾਹੀਦਾ ਹੈ, ਤਾਂ ਤੁਸੀਂ RPD ਨੂੰ ਦੁਭਾਸ਼ੀਏ ਦੀ ਬੇਨਤੀ ਕਰਨ ਲਈ ਲਿਖ ਸਕਦੇ ਹੋ। RPD ਨੂੰ ਇਹ ਦੱਸਣਾ ਯਕੀਨੀ ਬਣਾਓ ਕਿ ਤੁਹਾਨੂੰ ਆਪਣੇ ਦੁਭਾਸ਼ੀਏ ਦੁਆਰਾ ਕਿਹੜੀ ਭਾਸ਼ਾ ਅਤੇ ਉਪਭਾਸ਼ਾ ਬੋਲਣ ਜਾਣ ਦੀ ਲੋੜ ਹੈ। ਜੇਕਰ ਤੁਸੀਂ ਦੁਭਾਸ਼ੀਏ ਦੀ ਬੇਨਤੀ ਕਰਦੇ ਹੋ, ਤਾਂ RPD ਤੁਹਾਡੀ ਸੁਣਵਾਈ ਵਿੱਚ ਤੁਹਾਡੇ ਲਈ ਬਿਨਾਂ ਕਿਸੇ ਲਾਗਤ ਦੇ ਸ਼ਾਮਲ ਹੋਣ ਲਈ ਦੁਭਾਸ਼ੀਆ ਲੱਭੇਗੀ।

ਦੁਭਾਸ਼ੀਏ ਨੂੰ ਤੁਹਾਡੀ ਸੁਣਵਾਈ ਦੌਰਾਨ ਕਹੀ ਗਈ ਕੋਈ ਵੀ ਗੱਲ ਕਿਸੇ ਨਾਲ ਸਾਂਝੀ ਕਰਨ ਦੀ ਇਜਾਜ਼ਤ ਨਹੀਂ ਹੈ।

ਜੇਕਰ ਤੁਹਾਨੂੰ ਸੁਣਵਾਈ ਦੌਰਾਨ ਆਪਣੇ ਦੁਭਾਸ਼ੀਏ ਨੂੰ ਸਮਝਣ ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਮੈਂਬਰ ਨੂੰ ਤੁਰੰਤ ਦੱਸਣਾ ਯਕੀਨੀ ਬਣਾਓ।

**ਵਾਚਕ:** ਤੁਹਾਡੀ ਸੁਣਵਾਈ 'ਤੇ ਗਵਾਹ ਵੀ ਪੇਸ਼ ਹੋ ਸਕਦਾ ਹੈ। ਇਹ ਉਹ ਵਿਅਕਤੀ ਹੈ ਜੋ ਤੁਹਾਡੀ ਸਥਿਤੀ ਬਾਰੇ ਜਾਣਦਾ ਹੈ ਅਤੇ ਉਹ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ ਜੋ ਮੈਂਬਰ ਨੂੰ ਤੁਹਾਡੇ ਰਫ਼ਿਊਜੀ ਦਾਅਵੇ ਬਾਰੇ ਫੈਸਲਾ ਲੈਣ ਵਿੱਚ ਮਦਦ ਕਰਦੀ ਹੈ।

ਜੇਕਰ ਤੁਸੀਂ ਚਾਹੁੰਦੇ ਹੋ ਕਿ ਕੋਈ ਗਵਾਹ ਤੁਹਾਡੀ ਸੁਣਵਾਈ 'ਤੇ ਗਵਾਹੀ ਦੇਵੇ, ਤਾਂ ਸੁਣਵਾਈ ਤੋਂ ਘੱਟੋ-ਘੱਟ 10 ਦਿਨ ਪਹਿਲਾਂ RPD ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰੋ।

ਜਦੋਂ ਤੁਸੀਂ RPD ਨੂੰ ਲਿਖਦੇ ਹੋ, ਤਾਂ ਤੁਹਾਨੂੰ ਆਪਣੀ ਸੁਣਵਾਈ 'ਤੇ ਹਰੇਕ ਗਵਾਹ ਦੀ ਪਛਾਣ ਕਰਨੀ ਚਾਹੀਦੀ ਹੈ ਜਿਸਨੂੰ ਤੁਸੀਂ ਗਵਾਹੀ ਦੇਣ ਲਈ ਚਾਹੁੰਦੇ ਹੋ, ਉਨ੍ਹਾਂ ਨਾਲ ਤੁਹਾਡਾ ਰਿਸ਼ਤਾ, ਉਹ ਗਵਾਹੀ ਕਿਉਂ ਦੇ ਰਹੇ ਹਨ, ਉਨ੍ਹਾਂ ਦੀ ਗਵਾਹੀ ਵਿੱਚ ਕਿੰਨਾ ਸਮਾਂ ਲੱਗ ਸਕਦਾ ਹੈ ਅਤੇ ਕੀ ਉਨ੍ਹਾਂ ਨੂੰ ਦੁਭਾਸ਼ੀਏ ਦੀ ਲੋੜ ਬਾਰੇ ਦੱਸਣਾ ਚਾਹੀਦਾ ਹੈ।

**ਵਾਚਕ:** ਤੁਸੀਂ ਆਪਣੀ ਸੁਣਵਾਈ 'ਤੇ ਨਿਰੀਖਕ ਵੀ ਮੌਜੂਦ ਰੱਖ ਸਕਦੇ ਹੋ। ਇਹ ਕੋਈ ਪਰਿਵਾਰਕ ਮੈਂਬਰ ਜਾਂ ਦੋਸਤ ਹੋ ਸਕਦਾ ਹੈ ਜਿਸਨੂੰ ਤੁਸੀਂ ਭਾਵਨਾਤਮਕ ਸਹਾਇਤਾ ਲਈ ਉੱਥੇ ਰੱਖਣਾ ਚਾਹੁੰਦੇ ਹੋ। ਸੁਣਵਾਈਆਂ ਜਨਤਾ ਲਈ ਖੁੱਲ੍ਹੀਆਂ ਨਹੀਂ ਹੁੰਦੀਆਂ ਹਨ, ਪਰ ਤੁਹਾਡੀ ਸਹਿਮਤੀ ਨਾਲ ਨਿਰੀਖਕਾਂ ਨੂੰ ਆਉਣ ਦੀ ਇਜਾਜ਼ਤ ਹੈ।

ਨਿਰੀਖਕ ਤੁਹਾਡੀ ਸਮਰਥਨ ਲਈ ਮੌਜੂਦ ਹੁੰਦੇ ਹਨ ਅਤੇ ਸੁਣਵਾਈ ਵਿੱਚ ਹਿੱਸਾ ਨਹੀਂ ਲੈ ਸਕਦੇ।

**ਵਾਚਕ:** ਤੁਹਾਡੀ ਸੁਣਵਾਈ ਇੱਕ ਵਰਚੁਅਲ ਸੁਣਵਾਈ ਜਾਂ ਇੱਕ ਵਿਅਕਤੀਗਤ ਸੁਣਵਾਈ ਦੇ ਰੂਪ ਵਿੱਚ ਨਿਰਧਾਰਤ ਕੀਤੀ ਜਾ ਸਕਦੀ ਹੈ। ਵਰਚੁਅਲ ਸੁਣਵਾਈ ਲਈ, ਤੁਹਾਨੂੰ ਇੱਕ ਨਿੱਜੀ, ਸ਼ਾਂਤ ਸਥਾਨ ਵਿੱਚ ਹੋਣ ਦੀ ਲੋੜ ਹੋਵੇਗੀ।

ਤੁਹਾਡੇ ਕੋਲ ਇੱਕ ਸੁਰੱਖਿਅਤ ਇੰਟਰਨੈੱਟ ਕਨੈਕਸ਼ਨ ਹੋਣਾ ਚਾਹੀਦਾ ਹੈ। ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਜੇਕਰ ਇੰਟਰਨੈੱਟ ਕਨੈਕਸ਼ਨ ਵਿੱਚ ਕੋਈ ਸਮੱਸਿਆ ਹੈ, ਤਾਂ ਤੁਸੀਂ ਵੈਬਕੈਮ ਵਾਲੇ ਕੰਪਿਊਟਰ ਜਾਂ ਟੈਬਲੇਟ ਅਤੇ ਫ਼ੋਨ ਤੱਕ ਪਹੁੰਚ ਦੀ ਵਰਤੋਂ ਕਰੋ।

ਤੁਹਾਡੀ ਵਰਚੁਅਲ ਸੁਣਵਾਈ *ਮਾਈਕ੍ਰੋਸੌਫਟ ਟੀਮਜ਼* 'ਤੇ ਹੋਵੇਗੀ।

ਜੇਕਰ ਤੁਹਾਨੂੰ ਇਸਨੂੰ ਸੈੱਟ ਅੱਪ ਕਰਨ ਵਿੱਚ ਮਦਦ ਦੀ ਲੋੜ ਹੈ, ਤਾਂ ਸਾਡੀ ਵੈੱਬਸਾਈਟ 'ਤੇ ਇੱਕ ਗਾਈਡ ਹੈ।

ਤੁਹਾਡੀ ਸੁਣਵਾਈ ਤੋਂ ਲਗਭਗ ਪੰਜ ਦਿਨ ਪਹਿਲਾਂ, RPD ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਸੁਣਵਾਈ ਲਈ ਲਿੰਕ ਈਮੇਲ ਕਰੇਗੀ। ਜਦੋਂ ਸੁਣਵਾਈ ਦਾ ਦਿਨ ਆਵੇਗਾ, ਤਾਂ ਵਰਚੁਅਲ ਸੁਣਵਾਈ ਵਿੱਚ ਸ਼ਾਮਲ ਹੋਣ ਲਈ ਲਿੰਕ 'ਤੇ ਕਲਿੱਕ ਕਰੋ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਆਡੀਓ ਅਤੇ ਵੀਡੀਓ ਕੰਮ ਕਰ ਰਹੇ ਹਨ, ਤੁਹਾਨੂੰ ਸੁਣਵਾਈ ਸ਼ੁਰੂ ਹੋਣ ਦੇ ਸਮੇਂ ਤੋਂ ਘੱਟੋ-ਘੱਟ 15 ਮਿੰਟ ਪਹਿਲਾਂ ਸੁਣਵਾਈ ਨਾਲ ਜੁੜਨਾ ਚਾਹੀਦਾ ਹੈ।

ਜੇਕਰ ਤੁਸੀਂ ਸੁਣਵਾਈ ਵਿੱਚ ਜਲਦੀ ਸ਼ਾਮਲ ਹੋ ਜਾਂਦੇ ਹੋ, ਤਾਂ ਹੋ ਸਕਦਾ ਹੈ ਕਿ ਤੁਸੀਂ ਇੱਕ ਵਰਚੁਅਲ ਲਾਬੀ ਵਿੱਚ ਉਡੀਕ ਕਰ ਰਹੇ ਹੋਵੋ।

ਨਿਰਧਾਰਤ ਸੁਣਵਾਈ ਤੋਂ ਲਗਭਗ 15 ਮਿੰਟ ਪਹਿਲਾਂ, ਇੱਕ IRB ਕਰਮਚਾਰੀ ਔਨਲਾਈਨ ਪੇਸ਼ ਹੋਵੇਗਾ। ਉਹ ਤੁਹਾਡਾ ਸਵਾਗਤ ਕਰਨ, ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਇੰਟਰਨੈਟ ਕਨੈਕਸ਼ਨ ਕੰਮ ਕਰ ਰਿਹਾ ਹੈ ਅਤੇ ਇਹ ਯਕੀਨੀ ਬਣਾਉਣ ਲਈ ਉੱਥੇ ਹਨ ਕਿ ਤੁਸੀਂ ਆਪਣੀ ਸੁਣਵਾਈ ਲਈ ਤਿਆਰ ਹੋ।

ਆਪਣੇ ਸਾਰੇ ਦਸਤਾਵੇਜ਼ ਨੇੜੇ ਰੱਖੋ। ਤੁਹਾਨੂੰ ਆਪਣੇ *ਬੇਸਿਸ ਔਫ ਕਲੇਮ ਫਾਰਮ* ਅਤੇ RPD ਨੂੰ ਜਮ੍ਹਾਂ ਕਰਵਾਏ ਗਏ ਦਸਤਾਵੇਜ਼ਾਂ ਦੀਆਂ ਕਾਪੀਆਂ ਦੀ ਲੋੜ ਪਵੇਗੀ। ਤੁਹਾਡੀ ਸੁਣਵਾਈ ਦੌਰਾਨ ਤੁਹਾਨੂੰ ਇੰਨ੍ਹਾਂ ਸਬੂਤ ਬਾਰੇ ਸਵਾਲ ਪੁੱਛੇ ਜਾਣਗੇ।

**ਵਾਚਕ:** ਜੇਕਰ ਤੁਹਾਡੇ ਕੋਲ ਕੋਈ ਨਿੱਜੀ, ਸ਼ਾਂਤ ਸਥਾਨ ਜਾਂ ਸੁਰੱਖਿਅਤ ਇੰਟਰਨੈੱਟ ਕਨੈਕਸ਼ਨ ਨਹੀਂ ਹੈ, ਜਾਂ ਵਰਚੁਅਲ ਸੁਣਵਾਈ ਕਰਵਾਉਣ ਬਾਰੇ ਤੁਹਾਡੀਆਂ ਕੋਈ ਹੋਰ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਸਾਨੂੰ ਜਿੰਨੀ ਜਲਦੀ ਹੋ ਸਕੇ ਦੱਸੋ।

ਤੁਸੀਂ IRB ਦਫ਼ਤਰ ਵਿੱਚ ਵੀ ਆ ਸਕਦੇ ਹੋ ਅਤੇ ਸੁਣਵਾਈ ਵਿੱਚ ਵਰਚੁਅਲ ਤੌਰ 'ਤੇ ਹਿੱਸਾ ਲੈਣ ਲਈ IRB ਕੰਪਿਊਟਰ ਦੀ ਵਰਤੋਂ ਕਰ ਸਕਦੇ ਹੋ।

ਤੁਸੀਂ IRB ਦੇ ਖੇਤਰੀ ਸੰਪਰਕ ਜਾਣਕਾਰੀ ਪੰਨੇ 'ਤੇ ਸੂਚੀਬੱਧ RPD ਰਜਿਸਟਰੀ ਨਾਲ ਸੰਪਰਕ ਕਰਕੇ IRB ਉਪਕਰਣਾਂ ਦੀ ਵਰਤੋਂ ਕਰਨ ਲਈ ਬੇਨਤੀ ਕਰ ਸਕਦੇ ਹੋ।

ਜੇਕਰ ਤੁਹਾਨੂੰ ਸੁਣਵਾਈ ਦੀ ਲੋੜ ਹੈ ਜਿੱਥੇ ਤੁਸੀਂ ਅਤੇ ਫੈਸਲਾ ਲੈਣ ਵਾਲਾ ਕਿਸੇ IRB ਦਫ਼ਤਰ ਵਿੱਚ ਵਿਅਕਤੀਗਤ ਤੌਰ 'ਤੇ ਹਾਜ਼ਰ ਹੁੰਦੇ ਹੋ, ਤਾਂ ਤੁਹਾਨੂੰ ਸਾਨੂੰ ਇਸਦਾ ਕਾਰਨ ਦੱਸਣਾ ਪਵੇਗਾ।

ਤੁਸੀਂ ਵਿਅਕਤੀਗਤ ਸੁਣਵਾਈ ਲਈ ਅਰਜ਼ੀ (Application for an In-Person Hearing) ਫਾਰਮ ਭਰ ਕੇ ਵਿਅਕਤੀਗਤ ਸੁਣਵਾਈ ਲਈ ਬੇਨਤੀ ਕਰ ਸਕਦੇ ਹੋ। ਤੁਹਾਨੂੰ ਇਹ ਫਾਰਮ ਸਾਡੀ ਵੈੱਬਸਾਈਟ 'ਤੇ ਮਿਲ ਸਕਦਾ ਹੈ।

ਅਸੀਂ ਸੁਝਾਅ ਦਿੰਦੇ ਹਾਂ ਕਿ ਤੁਸੀਂ ਸਾਡੀ ਵੈੱਬਸਾਈਟ 'ਤੇ ਦਿੱਤੇ ਫਾਰਮ ਦੀ ਵਰਤੋਂ ਕਰੋ ਕਿਉਂਕਿ ਇਹ ਫਾਰਮ ਤੁਹਾਨੂੰ ਇਹ ਦੱਸਣ ਵਿੱਚ ਮਦਦ ਕਰੇਗਾ ਕਿ ਤੁਸੀਂ ਵਿਅਕਤੀਗਤ ਸੁਣਵਾਈ ਦੀ ਬੇਨਤੀ ਕਿਉਂ ਕਰ ਰਹੇ ਹੋ।

**ਵਾਚਕ:** ਕੁਝ ਸਥਿਤੀਆਂ ਵਿੱਚ, RPD ਤੁਹਾਡੇ ਦਾਅਵੇ ਨੂੰ ਵਿਅਕਤੀਗਤ ਸੁਣਵਾਈ ਲਈ ਨਿਰਧਾਰਤ ਕਰ ਸਕਦੀ ਹੈ। ਉਦਾਹਰਨ ਲਈ, ਜੇਕਰ ਮੰਤਰੀ ਦਾ ਵਕੀਲ ਤੁਹਾਡੇ ਦਾਅਵੇ ਵਿੱਚ ਹਿੱਸਾ ਲੈ ਰਿਹਾ ਹੈ, ਤਾਂ ਉਹ ਬੇਨਤੀ ਕਰ ਸਕਦੇ ਹਨ ਕਿ ਤੁਹਾਡੀ ਸੁਣਵਾਈ ਵਿਅਕਤੀਗਤ ਤੌਰ 'ਤੇ ਹੋਵੇ ਅਤੇ ਸਾਰੇ ਲੋਕ ਇੱਕੋ ਕਮਰੇ ਵਿੱਚ ਮੌਜੂਦ ਹੋਣ। ਜੇਕਰ ਅਜਿਹਾ ਹੈ, ਤਾਂ ਤੁਹਾਡਾ ਨੋਟਿਸ ਟੂ ਅਪੀਅਰ ਤੁਹਾਡੀ ਵਿਅਕਤੀਗਤ ਸੁਣਵਾਈ ਵਿੱਚ ਕਿਵੇਂ ਸ਼ਾਮਲ ਹੋਣਾ ਹੈ, ਬਾਰੇ ਨਿਰਦੇਸ਼ ਪ੍ਰਦਾਨ ਕਰੇਗਾ।

**ਵਾਚਕ:** ਜੇਕਰ ਤੁਹਾਡੀ ਸੁਣਵਾਈ IRB ਦਫ਼ਤਰ ਵਿੱਚ ਹੋ ਰਹੀ ਹੈ, ਤਾਂ ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਅਤੇ ਤੁਹਾਡੇ ਗਵਾਹ ਅਤੇ ਨਿਰੀਖਕ ਸੁਣਵਾਈ ਤੋਂ ਘੱਟੋ-ਘੱਟ 30 ਮਿੰਟ ਪਹਿਲਾਂ ਪਹੁੰਚੋ।

ਸਾਰੇ ਲੋਕਾਂ ਦੇ ਪਹੁੰਚਣ ਅਤੇ ਫਰੰਟ ਡੈਸਕ 'ਤੇ ਚੈੱਕ-ਇਨ ਕਰਨ ਤੋਂ ਬਾਅਦ, ਤੁਹਾਨੂੰ ਉਸ ਕਮਰੇ ਵਿੱਚ ਭੇਜਿਆ ਜਾਵੇਗਾ ਜਿੱਥੇ ਤੁਹਾਡੀ ਸੁਣਵਾਈ ਹੋਵੇਗੀ।

ਆਪਣੇ *ਬੇਸਿਸ ਔਫ ਕਲੇਮ ਫਾਰਮ*, ਆਪਣੇ *ਨੋਟਿਸ ਟੂ ਅਪੀਅਰ* ਦੀਆਂ ਕਾਪੀਆਂ ਅਤੇ RPD ਨੂੰ ਜਮ੍ਹਾ ਕੀਤੇ ਗਏ ਸਾਰੇ ਦਸਤਾਵੇਜ਼, ਜਿਸ ਵਿੱਚ ਤੁਹਾਡੇ ਅਸਲ ਦਸਤਾਵੇਜ਼ ਵੀ ਸ਼ਾਮਲ ਹਨ, ਲਿਆਉਣਾ ਯਕੀਨੀ ਬਣਾਓ।

**ਵਾਚਕ:** ਭਾਵੇਂ ਤੁਹਾਡੀ ਸੁਣਵਾਈ ਵਿਅਕਤੀਗਤ ਤੌਰ 'ਤੇ ਹੋਵੇ, ਕਿਸੇ ਦੂਰ-ਦੁਰਾਡੇ ਸਥਾਨ ਤੋਂ ਵਰਚੁਅਲ ਹੋਵੇ ਜਾਂ IRB ਪਰਿਸਰ ਤੋਂ ਵਰਚੁਅਲ ਹੋਵੇ, ਇਹ ਜਾਣਨਾ ਮਹੱਤਵਪੂਰਨ ਹੈ ਕਿ ਕੀ ਉਮੀਦ ਕਰਨੀ ਹੈ ਤਾਂ ਜੋ ਤੁਸੀਂ ਆਪਣੀ ਸੁਣਵਾਈ ਲਈ ਤਿਆਰੀ ਕੀਤੇ ਹੋਏ ਅਤੇ ਤਿਆਰ ਹੋਵੋ।

**ਵਾਚਕ:** ਰਫ਼ਿਊਜੀ ਦਾਅਵੇ ਦੀ ਪ੍ਰਕਿਰਿਆ ਬਾਰੇ ਨਵੀਨਤਮ ਜਾਣਕਾਰੀ ਲਈ, IRB ਦੀ ਵੈੱਬਸਾਈਟ 'ਤੇ ਜਾਓ ਜਾਂ ਆਮ ਪੁੱਛਗਿੱਛ ਲਈ ਸਾਡੇ ਟੋਲ ਫ੍ਰੀ ਨੰਬਰ 1-833-931-5121 'ਤੇ ਕਾਲ ਕਰੋ।

**ਵਾਚਕ:** ਤੁਸੀਂ ਸਾਡੇ, *ਸਾਡੇ ਨਾਲ ਸੰਪਰਕ ਕਰੋ* ਪੰਨੇ 'ਤੇ ਜਾਣ ਲਈ ਸਕ੍ਰੀਨ 'ਤੇ QR ਕੋਡ ਨੂੰ ਸਕੈਨ ਵੀ ਕਰ ਸਕਦੇ ਹੋ, ਜਿੱਥੇ ਤੁਹਾਨੂੰ ਦਸਤਾਵੇਜ਼ ਕਿੱਥੇ ਜਮ੍ਹਾਂ ਕਰਨੇ ਹਨ ਅਤੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਸਾਡੇ ਨਾਲ ਕਿਵੇਂ ਸੰਪਰਕ ਕਰਨਾ ਹੈ ਬਾਰੇ ਜਾਣਕਾਰੀ ਮਿਲੇਗੀ।